# ਸਾਜ਼ਸ਼

## • ਪਹਿਲੀ ਝਾਕੀ •

(ਰੰਗ ਬਰੰਗੇ ਫੁਲਾਂ ਨਾਲ ਸਟੇਜ ਸਜੀ ਹੋਈ ਹੈ, ਕਿਤੇ ਕਿਤੇ ਬਰਫ਼ ਵੀ ਪਈ ਹੋਈ ਦਿਸਦੀ ਹੈ। ਕਸ਼ਮੀਰੀ ਪਹਿਰਾਵੇ ਨਾਲ ਸ਼ਿੰਗਾਰੀਆਂ ਭਿੰਨ ਮੁਟਿਆਰਾਂ ਨੱਚਦੀਆਂ ਨੱਚਦੀਆਂ, ਇਹ ਗੀਤ ਗਾਂਦੀਆਂ ਸਟੇਜ ਉਤੇ ਆਉਂਦੀਆਂ ਹਨ)

ਇਹ ਸਾਡਾ ਕਸ਼ਮੀਰ ਪਿਆਰਾ, ਜਨਤ ਦੀ ਤਸਵੀਰ,
ਇਹ ਸਾਡੇ ਸੀਨੇ ਦੀ ਧੜਕਣ, ਇਹ ਸਾਡੀ ਤਕਦੀਰ।
ਚੱਪਾ ਚੱਪਾ ਇਸ ਦੀ ਧਰਤੀ, ਫੁਲਾਂ ਨਾਲ ਸ਼ਿੰਗਾਰੀ।
ਰੰਗ ਬਰੰਗੇ ਜਿਵੇਂ ਦੁਪੱਟੇ, ਸੁਕਣੇ ਪਾਏ ਲਲਾਰੀ।
ਜਿਓਂ ਨਿਕਲੀ ਕੋਈ ਸੱਜ-ਵਿਆਹੀ, ਉਪਰ ਲੈ ਫੁਲਕਾਰੀ।
ਇਕ ਇਕ ਕਿਣਕਾ ਇਸ ਧਰਤੀ ਦਾ, ਸਾਡੇ ਲਈ ਅਕਸੀਰ।
ਇਹ ਸਾਡਾ ਕਸ਼ਮੀਰ ਪਿਆਰਾ, ਜਨਤ ਦੀ ਤਸਵੀਰ।
ਕੇਸਰ ਦੇ ਖੇਤਾਂ ਦਾ ਸੋਨਾ, ਇਸ ਦੇ ਭਰੇ ਖ਼ਜ਼ਾਨੇ,
ਝਰ ਝਰ ਕਰਦੇ ਝਰਨੇ ਦੇਵਣ ਚਾਂਦੀ ਦੇ ਨਜ਼ਰਾਨੇ।
ਇਹਦੀਆਂ ਉਚੀਆਂ ਚੀਲਾਂ ਲਾਏ, ਅੰਬਰਾਂ ਨਾਲ ਯਰਾਨੇ।
ਸੂਰਜ ਚੰਨ ਸਿਤਾਰੇ ਇਸ ਦੇ ਦਰ ਦੇ ਬਣੇ ਫ਼ਕੀਰ।
ਇਹ ਸਾਡਾ ਕਸ਼ਮੀਰ ਪਿਆਰਾ, ਜਨਤ ਦੀ ਤਸਵੀਰ।

(ਇਤਨੇ ਵਿਚ ਇਕ ਕਸ਼ਮੀਰੀ ਜੋੜਾ, ਪਾਟੇ ਪੁਰਾਣੇ ਕਪੜੇ ਪਾਈ ਦਰਦ ਭਰੀ ਲੈਅ ਵਿਚ ਇਕ ਗੀਤ ਗਾਂਦਾ ਸਟੇਜ ਉਤੇ ਆਉਂਦਾ ਹੈ। ਇਸ ਜੋੜੇ ਨੂੰ ਵੇਖ ਕੇ ਪਹਿਲੀਆਂ ਕਸ਼ਮੀਰੀ ਮੁਟਿਆਰਾਂ ਇਕ ਪਾਸੇ ਠਠੰਬਰ ਕੇ ਖਲੋ ਜਾਂਦੀਆਂ ਹਨ ਤੇ

ਉਹਨਾਂ ਦੇ ਗੀਤ ਨੂੰ ਧਿਆਨ ਨਾਲ ਸੁਣਦੀਆਂ ਹਨ ਤੇ ਇਕ ਦੂਜੀ ਵਲ ਵੇਖਦੀਆਂ ਹਨ......)

ਇਹ ਕਸ਼ਮੀਰ ਅਸਾਡਾ, ਕੀਕੂੰ ਜਨਤ ਦੀ ਤਸਵੀਰ ?
ਜਦ ਕਿ ਸਾਡੇ ਨੈਣਾਂ ਵਿਚੋਂ ਅਜ ਵੀ ਵਹਿੰਦਾ ਨੀਰ।
ਇਹ ਸਾਡੇ ਹਥਾਂ ਦੇ ਛਾਲੇ, ਦੇਂਦੇ ਪਏ ਗਵਾਹੀ,
ਵਿਹਲੇ ਲੁਟ ਲੁਟ ਖਾ ਜਾਂਦੇ ਨੇ, ਸਾਡੀ ਰੋਜ਼ ਕਮਾਈ।
ਅਜੇ ਵੀ ਸਾਡੇ ਸਿਰ ਤੇ ਬੈਠੀ, ਉਹੋ ਡੋਗਰਸ਼ਾਹੀ,
ਅਜ ਵੀ ਸਾਡੇ ਸੀਨੇ ਅੰਦਰ, ਰੜਕੇ ਭੁਖ ਦਾ ਤੀਰ,
ਇਹ ਕਸ਼ਮੀਰ ਅਸਾਡਾ ਕੀਕੂੰ ਜਨਤ ਦੀ ਤਸਵੀਰ ?
ਮੈਂ ਲਾਏ ਇਹ ਬਾਗ਼ ਬਗ਼ੀਚੇ, ਮੈਂ ਧੂੜੀ ਹਰਿਆਲੀ।
ਸੇਬਾਂ ਦੇ ਚਿਹਰੇ ਤੇ ਡਲ੍ਹਕੇ ਮੇਰੇ ਖ਼ੂਨ ਦੀ ਲਾਲੀ।
ਮੈਂ ਕੇਸਰ ਦੇ ਖੇਤ ਉਗਾਵਾਂ, ਮੇਰਾ ਪੇਟ ਹੀ ਖ਼ਾਲੀ।
ਮੇਰੇ ਲਈ ਤਾਂ ਜਨਤ ਕਾਹਦੀ, ਦੋਜ਼ਖ਼ ਹੈ ਕਸ਼ਮੀਰ।

(ਹੁਣ ਚੁਪ ਖਲੋਤੀਆਂ ਕਸ਼ਮੀਰੀ ਮੁਟਿਆਰਾਂ ਵੀ ਗੀਤ ਵਿਚ ਸ਼ਾਮਲ ਹੋ ਜਾਂਦੀਆਂ ਹਨ)

ਇਹ ਕਸ਼ਮੀਰ ਅਸਾਡਾ ਕੀਕੂੰ ਜਨਤ ਦੀ ਤਸਵੀਰ ?

(ਏਨੇ ਵਿਚ ਇਕ ਕਸ਼ਮੀਰੀ ਜਵਾਨ ਗਾਂਦਾ ਤੇ ਨਚਦਾ ਟਪਦਾ ਸਟੇਜ ਉਤੇ ਆ ਜਾਂਦਾ ਹੈ। ਸਟੇਜ ਉਤੇ ਪਹਿਲੇ ਕਸ਼ਮੀਰੀ ਉਸ ਨੂੰ ਵੇਖਣ ਲਗ ਪੈਂਦੇ ਹਨ, ਤੇ ਇਕ ਦੂਜੇ ਦੇ ਮੂੰਹ ਵਲ ਵੇਖਦੇ ਹਨ)

ਨਾ ਹੋਵੋ ਦਿਲਗੀਰ, ਅਸਾਡਾ ਜਨਤ ਹੈ ਕਸ਼ਮੀਰ,
ਇਹ ਸਾਡੇ ਨੈਣਾਂ ਦੀ ਜੋਤੀ, ਇਹ ਸਾਡੀ ਤਕਦੀਰ।

ਵਕਤ ਸੰਭਾਲੋ ਡਾਕੂ ਫਿਰਦੇ, ਸਾਡੇ ਚਾਰ ਚੁਫੇਰੇ,
ਧੂੜ ਨਾ ਦੇਵਣ ਸਾਡੇ ਸਿਰ ਤੇ ਅਰਸ਼ੋਂ ਘੁਪ ਹਨੇਰੇ।
ਭੰਨ ਦੇਵੋ ਜੋ ਵੰਡੀਆਂ ਪਾਵਣ ਖ਼ੂਨੀ ਹੱਥ ਲੁਟੇਰੇ।
ਤਾਂ ਜੋ ਸਾਡੀ ਰਹੇ ਸਲਾਮਤ ਇਹ ਸੋਹਣੀ ਤਸਵੀਰ,
ਇਹ ਸਾਡੇ ਨੈਣਾਂ ਦੀ ਜੋਤੀ, ਇਹ ਸਾਡੀ ਤਕਦੀਰ।

(ਇਤਨੇ ਵਿਚ ਗੋਲੀ ਚਲਣ ਦੀ ਆਵਾਜ਼ ਆਉਂਦੀ ਹੈ ਤੇ ਸਟੇਜ ਉਤੇ ਇਕ ਪਾਸੇ ਜਾਨ ਬੁਲ੍ਹ (ਅਮਰੀਕੀ), ਇਕ ਕਬਾਇਲੀ, ਤੇ ਇਕ ਮੁਸਲਿਮ-ਲੀਗੀ ਆਉਂਦੇ ਹਨ । ਮੁਸਲਿਮ-ਲੀਗੀ ਦੇ

ਇਸ਼ਾਰੇ ਨਾਲ ਕਬਾਇਲੀ ਆਪਣੀ ਰਫ਼ਲ ਇਕ ਕਸ਼ਮੀਰੀ ਵਲ ਸਿੱਧੀ ਕਰ ਕੇ ਚਲਾਂਦਾ ਹੈ। ਗੋਲੀ ਵਜਣ ਨਾਲ ਉਹ ਕਸ਼ਮੀਰੀ ਸਟੇਜ ਤੇ ਡਿਗ ਪੈਂਦਾ ਹੈ ਤੇ ਬਾਕੀ ਦੇ ਡਰ ਜਿਹੇ ਜਾਂਦੇ ਹਨ, ਪਰ ਅਖ਼ੀਰ ਤੇ ਆਇਆ ਕਸ਼ਮੀਰੀ ਜਵਾਨ ਉਹਨਾਂ ਦੀ ਹਿੰਮਤ ਬੰਨ੍ਹਾਣ ਲਈ ਗਾਂਦਾ ਹੈ... ...)

ਨਾ ਭਜੋ ਹੁਣ ਕੰਡ ਵਿਖਾ ਕੇ, ਹੁਣ ਨਾ ਹਿੰਮਤ ਹਾਰੋ।
ਜਾਗ ਪਵੋ ਹੁਣ ਡੂੰਘੀ ਨੀਂਦੋਂ, ਹੇ ਸੁਤੀਓ ਤਲਵਾਰੋ।
ਵੈਰੀਨਾਗ ਦੇ ਨਾਗ ਜਗਾਵੋ, ਸੁਤੀ ਅਣਖ ਵੰਗਾਰੋ।
ਢਾਲ ਅਸੀਂ ਹਾਂ ਇਸ ਦੀ ਖ਼ਾਤਰ ਇਹ ਸਾਡੀ ਸ਼ਮਸ਼ੀਰ।

(ਇਥੇ ਬਾਕੀ ਦੇ ਸਾਰੇ ਵੀ ਹਿੰਮਤ ਕਰਕੇ ਉਸ ਨਾਲ ਸ਼ਾਮਲ ਹੋ ਜਾਂਦੇ ਹਨ)

ਇਹ ਸਾਡਾ ਕਸ਼ਮੀਰ ਪਿਆਰਾ, ਜਨਤ ਦੀ ਤਸਵੀਰ,
ਇਹ ਸਾਡੇ ਨੈਣਾਂ ਦੀ ਜੋਤੀ, ਇਹ ਸਾਡੀ ਤਕਦੀਰ।

(ਸਾਰੇ ਕਸ਼ਮੀਰੀ ਸਟੇਜ ਦੇ ਇਕ ਪਾਸੇ ਖਲੋਤੇ ਜਾਨ ਬੁਲ,ਕਬਾਇਲੀ ਤੇ ਮੁਸਲਿਮ-ਲੀਗੀ ਉਤੇ ਟਟ ਪੈਂਦੇ ਹਨ ਤੇ ਉਹ ਜਾਨ ਬਚਾ ਕੇ ਨਸ ਜਾਂਦੇ ਹਨ।)

[ਪਰਦਾ ਡਿਗਦਾ ਹੈ]

## • ਦੂਜੀ ਝਾਕੀ •

[ਸਟੇਜ ਖ਼ਾਲੀ ਹੈ, ਪਰ ਇਕ ਗੀਤ ਦੀ ਆਵਾਜ਼ ਸੁਣਾਈ ਦੇਂਦੀ ਹੈ]

ਹਾਰ ਵੇਖ ਕੇ ਹੋਈ ਕਬਾਇਲੀਆਂ ਨੂੰ,
ਸੋਚੀ ਚਾਲ ਅਮਰੀਕਾ ਨੇ ਹੋਰ ਲੋਕੋ।
ਫ਼ੌਜੀ ਅੱਡੇ ਬਣਾਨ ਲਈ ਥਾਂ ਥਾਂ ਤੇ,
ਪਾਕਿਸਤਾਨੀਆਂ ਦੀ ਖਿੱਚੀ ਡੋਰ ਲੋਕੋ।

[ਇਤਨੇ ਵਿਚ ਹੀ ਸਟੇਜ ਉਤੇ ਜਾਨ ਬੁਲ (ਅਮਰੀਕੀ) ਤੇ ਇਕ ਮੁਸਲਿਮ-ਲੀਗੀ ਨਚਦੇ ਟਪਦੇ ਆ ਜਾਂਦੇ ਹਨ। ਅਮਰੀਕੀ ਆਪਣੇ ਇਸ਼ਾਰਿਆਂ ਤੇ ਮੁਸਲਿਮ-ਲੀਗੀ ਨੂੰ ਨਚਾਂਦਾ ਹੈ]

ਅਮਰੀਕੀ – ਤੁਣ ਤੁਣ ਤੁਣ, ਰਤਾ ਮੇਰੀ ਗਲ ਸੁਣ,
ਹੈ ਵੇਲਾ ਹੁਣ ਵੇ ਹਾਣੀਆਂ।

ਲੀਗੀ – ਦਸ ਦਸ ਦਸ, ਤੇਰਾ ਦੂਣਾ ਹੋਵੇ ਜਸ,
ਮੈਂ ਤੇਰੇ ਵਸ ਵੇ ਹਾਣੀਆਂ।

ਅਮਰੀਕੀ – ਤੈਨੂੰ ਖ਼ਤਰਾ ਚੋਰਾਂ ਦਾ,
ਦੁਨੀਆਂ ਤੇ ਮੌਤ ਜਿਹਾ, ਜੀਣਾ ਕਮਜ਼ੋਰਾਂ ਦਾ,
ਤੁਣ ਤੁਣ ਤੁਣ, ਰਤਾ ਮੇਰੀ ਗਲ ਸੁਣ,
ਹੈ ਵੇਲਾ ਹੁਣ ਵੇ ਹਾਣੀਆਂ।

ਲੀਗੀ – ਦਸ ਦਸ ਦਸ, ਤੇਰਾ ਦੂਣਾ ਹੋਵੇ ਜਸ,
ਮੈਂ ਤੇਰੇ ਵਸ ਵੇ ਹਾਣੀਆਂ।

ਅਮਰੀਕੀ — ਜੀਣੇ ਦਾ ਹਜ ਕੋਈ ਨਾ,
ਤੇਰੀਆਂ ਫ਼ੌਜਾਂ ਨੂੰ ਲੜਨੇ ਦਾ ਚੱਜ ਕੋਈ ਨਾ।
ਤੁਣ ਤੁਣ ਤੁਣ, ਰਤਾ ਮੇਰੀ ਗਲ ਸੁਣ,
ਹੈ ਵੇਲਾ ਹੁਣ ਵੇ ਹਾਣੀਆਂ।

ਲੀਗੀ — ਦਸ ਦਸ ਦਸ, ਤੇਰਾ ਦੂਣਾ ਹੋਵੇ ਜਸ,
ਮੈਂ ਤੇਰੇ ਵਸ ਵੇ ਹਾਣੀਆਂ।

ਅਮਰੀਕੀ — ਤੇਰੀ ਸ਼ਾਨ ਸਵਾਈ ਹੋਵੇ,
ਅਫ਼ਸਰ ਮੈਂ ਦੇਸਾਂ, ਫ਼ੌਜੀ ਸਿਖਲਾਈ ਹੋਵੇ।
ਤੁਣ ਤੁਣ ਤੁਣ, ਰਤਾ ਮੇਰੀ ਗਲ ਸੁਣ … … …

ਲੀਗੀ — ਦਸ ਦਸ ਦਸ, ਤੇਰਾ ਦੂਣਾ ਹੋਵੇ ਜੱਸ … … …

ਅਮਰੀਕੀ — ਹਰ ਪਾਸੇ ਧ੍ਰੂੰ ਹੋਵੇ,
ਜਿਸ ਪਾਸੇ ਮੈਂ ਆਖਾਂ, ਤੇਰੀ ਤੋਪ ਦਾ ਮੂੰਹ ਹੋਵੇ।
ਤੁਣ ਤੁਣ ਤੁਣ, ਰਤਾ ਮੇਰੀ ਗਲ ਸੁਣ … …

ਲੀਗੀ — ਦਸ ਦਸ ਦਸ, ਤੇਰਾ ਦੂਣਾ ਹੋਵੇ ਜਸ … … …

ਅਮਰੀਕੀ – ਸੋਹਣਾ ਸੇਬ ਗੁਲਾਬੀ ਏ,
ਕਸ਼ਮੀਰ ਦੇ ਬੂਹੇ ਦੀ, ਹੱਥ ਮੇਰੇ ਚਾਬੀ ਏ।
-ਤੁਣ ਤੁਣ ਤੁਣ ਰਤਾ ਮੇਰੀ ਗਲ ਸੁਣ … …

ਲੀਗੀ – ਧੰਨ, ਧੰਨ, ਧੰਨ, ਤੂੰ ਤਾਂ ਚੌਦਵੀਂ ਦਾ ਚੰਨ,
ਲਈਆਂ ਸਭੇ ਮੰਨ ਮੈਂ ਹਾਣੀਆਂ।

(ਇਹ ਦੋਵੇਂ ਨਚਦੇ ਤੇ ਗਾਂਦੇ ਸਟੇਜ ਤੋਂ ਚਲੇ ਜਾਂਦੇ ਹਨ ਤੇ ਨਾਲ ਹੀ ਦੂਜੇ ਪਾਸਿਓਂ ਇਕ ਪਾਕਿਸਤਾਨੀ ਮੁਟਿਆਰ ਬੜੀ ਦਰਦ ਭਰੀ ਆਵਾਜ਼ ਵਿਚ ਇਹ ਗੀਤ ਗਾਂਦੀ ਗਾਂਦੀ ਔਲੀ

ਹੌਲੀ ਸਟੇਜ ਤੋਂ ਲੰਘ ਜਾਂਦੀ ਹੈ)

ਮੁਟਿਆਰ – ਗੋਰੇ ਲੀਗੀ ਮਿਲ ਗਏ, ਮਿਰਕਣ ਵੀ ਰਲ ਗਏ ਨਾਲ ਹੋ।
ਜਾਗੋ ਵੇ ਜਾਗੋ ਮੇਰੇ ਵਤਨੀਓਂ, ਸੌਂ ਕੇ ਨਾ ਪਛੋਤਾਣਾ ਹੀ ਹੋ।
ਇਹ ਗੁੰਦੀਆਂ ਮੇਰੀਆਂ ਮੇਂਢੀਆਂ, ਚਾਹੁੰਦੇ ਕਰਨਾ ਵਾਲੋ ਵਾਲ ਹੋ।
ਜਾਗੋ ਵੇ ਜਾਗੋ ਮੇਰੇ ਵਤਨੀਓਂ ਸੌਂ ਕੇ ਨਾ ਪਛੋਤਾਣਾ ਹੀ ਹੋ।

[ਪਾਕਿਸਤਾਨੀ ਮੁਟਿਆਰ ਦੇ ਸਟੇਜ ਤੋਂ ਜਾਂਦਿਆਂ ਹੀ ਦੋ ਮੁਟਿਆਰਾਂ ਤੇ ਇਕ ਜਵਾਨ ਪਿਛਲੇ ਪਾਸਿਓਂ ਸਟੇਜ ਉਤੇ ਇਹ ਗੀਤ ਗਾਂਦੇ ਤੇ ਨੱਚਦੇ ਆਉਂਦੇ ਹਨ]

ਵਗਦੀ ਏ ਰਾਵੀ, ਵਿਚ ਵਿਸ ਪਈ ਘੁਲਦੀ,
ਡਾਲਰਾਂ ਦੇ ਨਾਲ ਸਾਡੀ ਜਿੰਦ ਪਈ ਤੁਲਦੀ।
ਵਗਦੀ ਏ ਰਾਵੀ, ਵਿਚ ... ...
ਵਗਦੀ ਏ ਰਾਵੀ, ਵਿਚ ਤਰਦੀਆਂ ਨੇ ਬੇੜੀਆਂ,
ਮਰਨ ਨਵਾਬ ਜਿਨ੍ਹਾਂ ਰਿਕਤਾਂ ਇਹ ਛੇੜੀਆਂ।
ਵਗਦੀ ਏ ਰਾਵੀ, ਵਿਚ ... ...
ਵਗਦੀ ਏ ਰਾਵੀ, ਇਹਦੇ ਕੰਢਿਆਂ ਤੇ ਰੇਤ ਵੇ,
ਹਸਦੇ ਹਮੇਸ਼ ਸ਼ਾਲਾ ਰਹਿਣ ਸਾਡੇ ਖੇਤ ਵੇ।
ਵਗਦੀ ਏ ਰਾਵੀ, ਵਿਚ ਵਿਸ ਪਈ ਘੁਲਦੀ,
ਡਾਲਰਾਂ ਦੇ ਨਾਲ ਸਾਡੀ ਜਿੰਦ ਪਈ ਤੁਲਦੀ।

(ਇਹ ਗੀਤ ਗਾਂਦੇ ਗਾਂਦੇ ਉਹ ਸਟੇਜ ਤੋਂ ਚਲੇ ਜਾਂਦੇ ਹਨ ਤੇ ਉਸੇ ਪਾਸਿਓਂ ਦੋ ਹੋਰ ਮੁਟਿਆਰਾਂ ਤੇ ਇਕ ਜਵਾਨ ਇਹ ਗੀਤ ਸਟੇਜ ਉਤੇ ਗਾਂਦੇ ਤੇ ਨਚਦੇ ਆਉਂਦੇ ਹਨ]

ਵਹਿੰਦੀ ਏ ਝਨਾਂ, ਇਹਦੇ ਕੰਢਿਆਂ ਤੇ ਸਾਵਾ ਘਾਹ,
ਹਾਕਮਾਂ ਦੇ ਨਾਲੋਂ ਅਜ ਵਖਰਾ ਏ ਸਾਡਾ ਰਾਹ।
ਵਹਿੰਦੀ ਏ ਝਨਾਂ ... ... ...
ਵਹਿੰਦੀ ਏ ਝਨਾਂ, ਸਾਡੀ ਨੇੜੇ ਗੁਜਰਾਤ ਦੇ,
ਮੇਟਣੇ ਨਿਸ਼ਾਨ ਅਸਾਂ ਡਾਲਰਾਂ ਦੀ ਰਾਤ ਦੇ।
ਵਹਿੰਦੀ ਏ ਝਨਾਂ ... ... ... ...
ਵਹਿੰਦੀ ਏ ਝਨਾਂ, ਸੀਨੇ ਸਾਂਭ ਕੇ ਕਹਾਣੀਆਂ
ਮਿਰਕਣਾਂ ਦੇ ਹੱਥ ਅਸਾਂ ਵਾਗਾਂ ਨਹੀਂ ਫੜਾਣੀਆਂ।

[ਏਨੇ ਵਿਚ ਰਾਵੀ ਦਾ ਗੀਤ ਗਾਣ ਵਾਲਾ ਗਭਰੂ ਤੇ ਮੁਟਿਆਰਾਂ

ਵੀ ਫਿਰ ਸਟੇਜ ਤੇ ਆ ਜਾਂਦੀਆਂ ਹਨ ਤੇ ਉਹਨਾਂ ਨਾਲ ਰਲ ਮਿਲ ਕੇ ਗਾਣਾ ਸ਼ੁਰੂ ਕਰ ਦੇਂਦੀਆਂ ਹਨ]।

ਰਾਵੀ ਤੇ ਝਨਾਂ ਦਾ ਪਾਣੀ ਆਇਆ ਏ ਸ਼ਬਾਬ ਤੇ,
ਭੌਰ ਨਹੀਂ ਬਿਠਾਣੇ ਅਸੀਂ ਰਤੜੇ ਗੁਲਾਬ ਤੇ।

[ਇਤਨੇ ਵਿਚ ਹੀ ਇਕ ਥਾਣੇਦਾਰ ਤੇ ਦੋ ਸਿਪਾਹੀ ਸਟੇਜ ਉਤੇ ਦਾਖ਼ਲ ਹੁੰਦੇ ਹਨ ਤੇ ਉਹ ਦੋਹਾਂ ਗਭਰੂਆਂ ਨੂੰ ਫੜ ਕੇ ਲੈ ਜਾਂਦੇ ਹਨ।]

(ਪਰਦਾ ਡਿਗਦਾ ਹੈ)

## • ਤੀਜੀ ਝਾਕੀ •

[ਫਿਰ ਕਸ਼ਮੀਰੀ ਧਰਤੀ। ਅਮਰੀਕੀ ਸਟੇਜ ਉਤੇ ਆਉਂਦਾ ਹੈ। ਪਰਦੇ ਦੇ ਪਿਛਿਓਂ ਗੀਤ ਦੀ ਆਵਾਜ਼ ਆਉਂਦੀ ਹੈ ਤੇ ਉਹ ਗੀਤ ਅਨੁਸਾਰ ਅਮਲ ਕਰਦਾ ਹੈ]

ਪਰਦੇ ਪਿਛੋਂ ਗੀਤ :—

ਸੋਚ ਸੋਚ ਅਮਰੀਕਾ ਨੇ ਗਲ ਸੋਚੀ,
ਚਲੋ ਹੋਰ ਕੋਈ ਫੰਦਾ ਚਲਾ ਤਕੀਏ।
ਨਾਹਰਾ ਦੇ ਆਜ਼ਾਦ ਕਸ਼ਮੀਰ ਵਾਲਾ,
ਜਾਦੂ ਸ਼ੇਰਿ-ਕਸ਼ਮੀਰ ਤੇ ਪਾ ਤਕੀਏ।

[ਸੋਚਦਾ ਸੋਚਦਾ ਅਮਰੀਕੀ ਸਟੇਜ ਤੋਂ ਚਲਾ ਜਾਂਦਾ ਹੈ। ਦੂਜੇ ਪਾਸਿਓਂ ਸ਼ੇਖ਼ ਅਬਦੁਲਾ ਸਟੇਜ ਉਤੇ ਆਉਂਦਾ ਹੈ। ਝਟ ਹੀ ਅਮਰੀਕੀ ਵੀ ਸਟੇਜ ਉਤੇ ਆ ਜਾਂਦਾ ਹੈ। ਸਟੇਜ ਉਤੇ ਆਉਂਦਿਆਂ ਹੀ ਪਰਦੇ ਦੇ ਪਿਛੋਂ ਗੀਤ ਉਭਰਦਾ ਹੈ ਤੇ ਸਟੇਜ ਉਤੇ ਅਮਰੀਕੀ ਤੇ ਸ਼ੇਖ਼ ਅਬਦੁਲਾ ਦਾ ਅਮਲ ਗੀਤ ਅਨੁਸਾਰ ਹੁੰਦਾ ਹੈ]

ਪਰਦੇ ਪਿਛੋਂ ਗੀਤ -- ਜਿਓਂ ਕੇ ਕਿਹਾ ਅਮਰੀਕੀ ਨੇ ਸ਼ੇਖ਼ ਸਾਹਿਬ !
ਸਿਰ ਤੇ ਆਈ ਮੁਸੀਬਤ ਨੂੰ ਟਾਲ ਦੇਵਾਂ।
ਮੇਰੇ ਵਲ ਜ਼ਰਾ ਮੇਹਰ ਦੀ ਨਜ਼ਰ ਰਖੋ,
ਹਲ ਕਸ਼ਮੀਰ ਦਾ ਕਰ ਸਵਾਲ ਦੇਵਾਂ।
ਭਲਾ ਦਸੋ ਕਸ਼ਮੀਰ ਦੇ ਕੀ ਲਗਣ,
ਹਿੰਦੁਸਤਾਨ ਤੇ ਪਾਕਿਸਤਾਨ ਦੋਵੇਂ ?

ਚਾਹੁੰਦੇ ਹੈਨ ਕਸ਼ਮੀਰ ਹੜੱਪ ਕਰਨਾਂ,
ਚਾਲਾਂ ਚਲ ਕੇ ਇਹ ਸ਼ੈਤਾਨ ਦੋਵੇਂ।
ਆਖੋ : ਹੈ ਕਸ਼ਮੀਰ ਆਜ਼ਾਦ ਅਜ ਤੋਂ,
ਸਾਨੂੰ ਕਿਸੇ ਬੇਗਾਨੇ ਦੀ ਲੋੜ ਕੋਈ ਨਹੀਂ।
ਰਹਿ ਗਈ ਮਾਲੀ ਇਮਦਾਦ ਦੀ ਗਲ ਸੋਈ,
ਏਥੇ ਡਾਲਰਾਂ ਦੀ ਉੱਕਾ ਥੋੜ ਕੋਈ ਨਹੀਂ।

[ਅਮਰੀਕੀ ਡਾਲਰਾਂ ਦੀ ਥੈਲੀ ਵਿਖਾਂਦਾ ਹੈ ਤੇ ਸ਼ੇਖ਼ ਅਬਦੁਲਾ ਉਸ ਨੂੰ ਫੜਨ ਲਗਦਾ ਹੈ ਕਿ ਝਟ ਪਰਦੇ ਪਿਛੋਂ ਗਾਣਾ ਉਭਰਦਾ ਹੈ, ਜਿਸ ਨੂੰ ਸੁਣ ਕੇ ਸ਼ੇਖ਼ ਅਬਦੁਲਾ ਠਿਠਕ ਕੇ ਪਿਛੇ ਹਟ ਜਾਂਦਾ ਹੈ। ਗਾਣੇ ਦੇ ਵਿਚਾਲੇ ਅਮਰੀਕੀ ਡਾਲਰ ਦੇਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ, ਪਰ ਸ਼ੇਖ਼ ਅਬਦੁਲਾ ਇਸ਼ਾਰਿਆਂ ਵਿਚ ਨਾਂਹ ਕਰਦਾ ਰਹਿੰਦਾ ਹੈ।]

ਪਰਦੇ ਦੇ ਪਿਛੋਂ ਗੀਤ :–

ਨਾ ਪਕੜੀਂ ਇਹ ਥੈਲੀ, ਇਸ ਵਿਚ ਹੈਨ ਜ਼ਹਿਰੀਲੇ ਨਾਗ।
ਨਾ ਲਾ ਆਪਣੀ ਚਿੱਟੀ ਚਾਦਰ ਉਤੇ ਕਾਲੇ ਦਾਗ਼।
ਇਹ ਅਮਰੀਕੀ ਚਾਹੁੰਦੇ ਸਾਡੀ ਜਨਤ ਕਰਨੀ ਕੋਲੇ।
ਇਹ ਚਾਹੁੰਦੇ ਨੇ ਮਾਨ-ਸਰੋਵਰ ਵਿਚੋਂ ਨਿਕਲਣ ਸ਼ੋਹਲੇ।
ਯਾਦ ਕਰੋ ਕੁਰਬਾਨੀ ਆਪਣੀ, ਯਾਦ ਕਰੋ ਇਹ ਨਾਅਰਾ :
"ਤੋੜੋ ਰਜਵਾੜਾਸ਼ਾਹੀ, ਛੋੜੋ ਕਸ਼ਮੀਰ ਹਮਾਰਾ।"

[ਗਾਣਾ ਬੰਦ ਹੁੰਦਿਆਂ ਹੀ ਅਮਰੀਕੀ ਡਾਲਰਾਂ ਦੀ ਥੈਲੀ ਫਿਰ ਅਗਾਂਹ ਵਧਾਂਦਾ ਹੈ ਤੇ ਸ਼ੇਖ਼ ਅਬਦੁਲਾ ਵੀ ਫੜਨ ਲਈ ਅਗਾਂਹ ਵਧਦਾ ਹੈ। ਇਤਨੇ ਵਿਚ ਇਕ ਚੰਗਾ ਤਕੜਾ ਜਵਾਨ ਇਕ ਪਾਸਿਓਂ ਸਟੇਜ ਉਤੇ ਆਉਂਦਾ ਹੈ ਤੇ ਉਹ ਸ਼ੇਖ਼ ਦੀ ਬਾਂਹ ਫੜ ਕੇ ਉਹਨੂੰ ਸਟੇਜ ਤੋਂ ਲੈ ਜਾਂਦਾ ਹੈ। ਅਮਰੀਕੀ ਵੀ ਨਿਰਾਸ ਹੋਇਆ ਹੌਲੀ ਹੌਲੀ ਸਟੇਜ ਤੋਂ ਚਲਾ ਜਾਂਦਾ ਹੈ। ਉਸ ਦੇ ਜਾਂਦਿਆਂ ਹੀ ਝਟ ਦੂਜੇ ਪਾਸਿਓਂ ਸਟੇਜ ਉਤੇ ਤਿੰਨ ਕਸ਼ਮੀਰੀ ਮੁਟਿਆਰਾਂ ਨਚਦੀਆਂ ਗਾਂਦੀਆਂ ਸਟੇਜ ਉਤੇ ਆ ਜਾਂਦੀਆਂ ਹਨ]

ਕਸ਼ਮੀਰੀ ਔਰਤਾਂ ਦਾ ਗੀਤ :—

ਅਸੀਂ ਕਸ਼ਮੀਰੀ, ਅਸਾਂ ਇਥੇ ਵਸਣਾ,
ਇਥੇ ਵਸਣਾ, ਸਾਡੀਆਂ ਬਹਾਰਾਂ ਅਜੇ ਹੋਰ ਹਸਣਾ।

ਭੋਏਂ ਸਾਡੀ ਦੀ ਝੋਲੀ ਵਿਚ ਫੁਲ ਵੇ,
ਪੈਂਦਾ ਦੇਸ਼ ਗ਼ਦਾਰਾਂ ਦਾ ਇਹ ਮੁਲ ਵੇ।
ਦੇਸ਼ ਦਾ ਵਪਾਰੀ ਸਾਥੋਂ ਨਹੀਂ ਬਚਣਾ,
ਨਹੀਂ ਬਚਣਾ, ਸਾਡੀਆਂ ਬਹਾਰਾਂ ਅਜੇ ਹੋਰ ਹਸਣਾ।

ਭੋਏਂ ਸਾਡੀ ਦੇ ਜਜ਼ਬੇ ਜਵਾਨ ਵੇ,
ਹੋਏ ਸਾਰੇ ਕਸ਼ਮੀਰੀ ਇਕੋ ਜਾਨ ਵੇ।
ਏਕੇ ਵਾਲਾ ਝੰਡਾ ਸਾਥੋਂ ਕਿਨ੍ਹੇਂ ਖਸਣਾ?
ਕਿਨ੍ਹੇਂ ਖਸਣਾ, ਸਾਡੀਆਂ ਬਹਾਰਾਂ ਅਜੇ ਹੋਰ ਹਸਣਾ।

ਭੋਏਂ ਸਾਡੀ ਉਤੇ ਉਡਣ ਭੰਬੀਰੀਆਂ,
ਸਾਂਝਾਂ ਪਾ ਲਈਆਂ ਨੇ ਹਿੰਦੀ, ਕਸ਼ਮੀਰੀਆਂ।
ਜਿਹੜਾ ਸਾਨੂੰ ਪਾੜੂ, ਅਸਾਂ ਰਲ ਕਸਣਾ,
ਰਲ ਕਸਣਾ, ਸਾਡੀਆਂ ਬਹਾਰਾਂ ਅਜੇ ਹੋਰ ਹਸਣਾ।

[ਉਹ ਗਾਂਦੀਆਂ ਨਚਦੀਆਂ ਸਟੇਜ ਤੋਂ ਚਲੀਆਂ ਜਾਂਦੀਆਂ ਹਨ]

[ਪਰਦਾ ਡਿਗਦਾ ਹੈ]

## • ਚੌਥੀ ਝਾਕੀ •

[ਪਾਕਿਸਤਾਨ ਦੀ ਧਰਤੀ। ਅਮਰੀਕੀ ਸੋਚ ਵਿਚ ਡੁਬਾ ਸਟੇਜ ਉਤੇ ਆਉਂਦਾ ਹੈ ਤੇ ਪਿਛੋਂ ਗੀਤ ਉਭਰਦਾ ਹੈ]

ਪਰਦੇ ਪਿਛੋਂ ਗੀਤ :—

ਦੂਜੀ ਵਾਰ ਕਸ਼ਮੀਰ ਦੇ ਵਿਚ ਜਦੋਂ,
ਗਲੀ ਨਾ ਅਮਰੀਕਾ ਦੀ ਦਾਲ ਲੋਕੋ।
ਗਲ ਫ਼ੌਜੀ ਸਮਝੌਤੇ ਦੀ ਜਾ ਛੇੜੀ,
ਪਾਕਿਸਤਾਨ ਦੇ ਹਾਕਮਾਂ ਨਾਲ ਲੋਕੋ।

[ਸੋਚਦਾ ਸੋਚਦਾ ਅਮਰੀਕੀ ਸਟੇਜ ਤੋਂ ਚਲਾ ਜਾਂਦਾ ਹੈ ਤੇ ਝਟ ਹੀ ਇਕ ਪਾਕਿਸਤਾਨੀ ਹਾਕਮ ਦੇ ਨਾਲ ਸਟੇਜ ਉਤੇ ਨਚਦਾ ਗਾਂਦਾ ਆ ਜਾਂਦਾ ਹੈ]

ਅਮਰੀਕੀ — ਆਪਣੀ ਫ਼ੌਜ ਵਧਾ ਲੈ।
ਲੀਗੀ — ਸ਼ਾਵਾ।
ਅਮਰੀਕੀ — ਆਪਣਾ ਰਾਜ ਵਧਾ ਲੈ।

ਲੀਗੀ – ਸ਼ਾਵਾ।

ਅਮਰੀਕੀ — ਇਕ ਪਾਸੇ ਤੱਕ ਚੀਨ ਖਲੋਤਾ, ਲੈ ਕੇ ਫ਼ੌਜ ਕਰੋੜਾਂ।
ਦੂਜੇ ਪਾਸੇ ਰੂਸ ਸੋਚਦਾ, ਤੇਰੀ ਧੌਣ ਮਰੋੜਾਂ।
ਆਪਣੀ ਫ਼ੌਜ ਵਧਾ ਲੈ।

ਲੀਗੀ — ਸ਼ਾਵਾ।

ਅਮਰੀਕੀ – ਔਹ ਕਸ਼ਮੀਰੀ ਜਨਤ ਤੇਰੀ ਹਿਕ ਤੇ ਦੋਜ਼ਖ਼ ਤਾਵੇ।
ਭਾਰਤ ਦੀ ਸੈਨਾ ਵੀ ਤੈਨੂੰ, ਆਪਣਾ ਰੋਹਬ ਵਿਖਾਵੇ।
ਆਪਣੀ ਫ਼ੌਜ ਵਧਾ ਲੈ।

ਲੀਗੀ – ਸ਼ਾਵਾ।

ਅਮਰੀਕੀ – ਮੈਂ ਦੇਂਦਾ ਹਾਂ ਐਟਮ ਤੈਨੂੰ, ਟੈਂਕ ਪਹਾੜਾਂ ਵੰਨੇ,
ਇਸ ਦੇ ਬਦਲੇ ਮੇਰੀਆਂ ਸ਼ਰਤਾਂ ਤੂੰ ਵੀ ਜੇ ਕੁਝ ਮੰਨੇ।
ਫ਼ੌਜੀ ਪੈਕਟ ਬਣਾਈਏ, ਉਤੇ ਅੰਗੂਠੇ ਲਾਈਏ।

ਲੀਗੀ — ਸ਼ਾਵਾ।

ਅਮਰੀਕੀ — ਪਾਕਿਸਤਾਨ ਦੀ ਧਰਤੀ ਉਤੇ ਜਿਥੇ ਵੀ ਮੈਂ ਚਾਹਵਾਂ,
ਫ਼ੌਜੀ ਅੱਡੇ ਤੁਰਤ ਬਣਾਵਾਂ ਆਪਣੀ ਫ਼ੌਜ ਬਿਠਾਵਾਂ।
ਫ਼ੌਜੀ ਪੈਕਟ ਬਣਾਈਏ, ਉਤੇ ਅੰਗੂਠੇ ਲਾਈਏ।

ਲੀਗੀ — ਸ਼ਾਵਾ।

ਅਮਰੀਕੀ — ਜਿਸ ਪਾਸੇ ਮੈਂ ਕਰਾਂ ਇਸ਼ਾਰਾ ਤੇਰੀਆਂ ਫ਼ੌਜਾਂ ਤਾਈਂ।
ਉਸੇ ਉਤੇ ਕਰ ਦੇਵਣ ਹਲਾ, ਮਿਲ ਕੇ ਚਾਂਈਂ ਚਾਂਈਂ,
ਫ਼ੌਜੀ ਪੈਕਟ ਲਾਈਏ, ਉਤੇ ਅੰਗੂਠੇ ਲਾਈਏ।

ਲੀਗੀ – ਲਿਖ ਮਿਤਰਾ ਮੈਂ ਹੁਣੇ ਲਗਾਵਾਂ।

[ਅਮਰੀਕੀ ਜੇਬ ਵਿਚੋਂ ਕਾਗ਼ਜ਼ ਦਸਖ਼ਤ ਕਰਨ ਲਈ ਲੀਗੀ ਦੇ ਮੋਹਰੇ ਕਰਦਾ ਹੈ ਤੇ ਉਹ ਚਾਂਈਂ ਚਾਂਈਂ ਦਸਖ਼ਤ ਕਰਨ ਲਗਦਾ ਹੈ ਕਿ ਪਰਦੇ ਦੇ ਪਿਛੋਂ ਗੀਤ ਉਭਰਦਾ ਤੇ ਝਟ ਰੁਕ ਜਾਂਦਾ ਹੈ]

ਪਰਦੇ ਪਿਛੋਂ ਗੀਤ :—

ਹੇ ਹਾਕਮ, ਬੇਦਰਦੀ ਮੁੜ ਜਾ, ਨਾ ਇਹ ਕਹਿਰ ਕਮਾਈਂ।
ਹੀਰ ਤੇ ਸੁਹਣੀ ਦੀ ਰੂਹ ਉਤੇ, ਕਾਲੇ ਦਾਗ਼ ਨਾ ਪਾਈਂ।
ਮਾਵਾਂ ਦੀ ਛਾਤੀ ਨੂੰ ਚੁੰਘਦੇ, ਸੁਣ ਕੀ ਕਹਿੰਦੇ ਬਚੇ :
"ਨਾ ਫੇਰ ਫ਼ੌਜੀ ਬੂਟਾਂ ਥਲੇ ਸਾਡੇ ਹਾਸੇ ਕੱਚੇ।"
ਅਜੇ ਵੀ ਮੁੜ ਜਾ, ਨਾ ਕਰ ਦਸਖ਼ਤ ਸਾਡੀਆਂ ਲਾਸ਼ਾਂ ਉਤੇ,

ਨਹੀਂ ਤਾਂ ਜਾਗ ਪੈਣਗੇ ਪਾਣੀ, ਪੰਜ ਦਰਿਆਂ ਦੇ ਸੁਤੇ।

[ਕੁਝ ਚਿਰ ਝਿਜਕਣ ਪਿਛੋਂ ਲੀਗੀ ਹਾਕਮ ਕਾਗ਼ਜ਼ ਉਤੇ ਦਸਖ਼ਤ ਕਰ ਦੇਂਦਾ ਹੈ ਤੇ ਸਟੇਜ ਦੇ ਪਿਛੋਂ ਕਾਫ਼ੀ ਚੀਕ ਚਿਹਾੜਾ ਪੈਂਦਾ ਹੈ। ਉਹ ਦੋਵੇਂ ਹਸਦੇ ਹਸਦੇ ਸਟੇਜ ਤੋਂ ਚਲੇ ਜਾਂਦੇ ਹਨ। ਇਕ ਛਿਨ ਪਿਛੋਂ ਹੀ ਅਮਰੀਕੀ ਇਕੱਲਾ ਹੀ ਨਚਦਾ, ਗਾਂਦਾ ਸਟੇਜ ਉਤੇ ਆਉਂਦਾ ਹੈ]

ਅਮਰੀਕੀ — ਮੈਂ ਸੌਦਾ ਵੇਚਣ ਆਇਆ ਕਿ ਸੌਦਾ ਡਾਲਰ ਦਾ,
ਮੈਂ ਬੜਾ ਸੁਵੱਲਾ ਲਾਇਆ ਕਿ ਸੌਦਾ ਡਾਲਰ ਦਾ।
ਦੇਸ਼ ਦੇਸ਼ ਵਿਚ ਜੰਗੀ ਅਡੇ, ਪਾ ਮੈਂ ਝੁੰਡੇ ਗੱਡੇ,
ਪਾਕਿਸਤਾਨ ਦੇ ਹਾਕਮ ਵੀ ਹੁਣ ਚੜ੍ਹ ਗਏ ਮੇਰੇ ਅੱਡੇ।
ਮੈਂ ਸੌਦਾ ਵੇਚਣ ਆਇਆ ... ...

ਉਂਗਲੀ ਲਾ ਕੇ ਜੰਗ ਨੂੰ ਫਿਰਨਾਂ ਦੇਸ਼ ਦੇਸ਼ ਵਿਚ ਸਾਰੇ,
ਹੁਣੇ ਖ਼ਰੀਦੋ ਫਿਰ ਨਹੀਂ ਲਭਣੇ, ਮੇਰੇ ਜਿਹੇ ਵਣਜਾਰੇ।
ਮੈਂ ਸੌਦਾ ਵੇਚਣ ਆਇਆ ... ... ...

ਰੂਸ ਚੀਨ ਤੇ ਭਾਰਤ ਦਵਾਲੇ ਹੋਇਆ ਪੱਕਾ ਘੇਰਾ,
ਹੁਣ ਇਨ੍ਹਾਂ ਨੂੰ ਫੂੰਡ ਸਕਦਾ ਹੈ, ਸੌਖਾ ਐਟਮ ਮੇਰਾ।
ਮੈਂ ਸੌਦਾ ਵੇਚਣ ਆਇਆ ... ...

ਭਾਰਤ ਦੀ ਸਰਕਾਰ ਵੀ ਹੁਣ ਤਕ ਮੈਨੂੰ ਅੱਖ ਵਿਖਾਵੇ,
ਹੁਣ ਵੇਖਾਂਗਾ ਕੀਕੂੰ ਮੇਰੇ ਪੰਜੇ ਵਿਚੋਂ ਬੱਚ ਜਾਵੇ।
ਮੈਂ ਸੌਦਾ ਵੇਚਣ ਆਇਆ ... ...

ਨਚਦਾ ਟਪਦਾ ਸਟੇਜ ਤੋਂ ਚਲਾ ਜਾਂਦਾ ਹੈ।]

(ਪਰਦਾ ਡਿਗਦਾ ਹੈ)

## • ਪੰਜਵੀਂ ਝਾਕੀ •

(ਪਰਦਾ ਚੁਕਦਿਆਂ ਹੀ ਬਾਂਗ ਦੀ ਅਵਾਜ਼ ਆਉਂਦੀ ਹੈ। ਪਾਕਿਸਤਾਨ ਦੇ ਸ਼ਹਿਰ ਦਾ ਇਕ ਬਜ਼ਾਰ ਛਾਬੜੀਆਂ ਵਾਲੇ ਬੈਠੇ ਹਨ। ਪਾਕਿਸਤਾਨੀ ਗਭਰੂ ਤੇ ਬੁਰਕੇ ਪਾਈ ਔਰਤਾਂ ਉਧਰ ਜਾ ਰਹੀਆਂ ਹਨ। ਦੋ ਅਮਰੀਕੀ ਸਿਪਾਹੀ ਹਸਦੇ ਹਸਦੇ

ਸਟੇਜ ਉੱਤੇ ਆਉਂਦੇ ਹਨ। ਇਕ ਸਿਪਾਹੀ ਇਕ ਔਰਤ ਦੀ ਬਾਂਹ ਫੜ ਲੈਂਦਾ ਹੈ ਤੇ ਉਸ ਦਾ ਬੁਰਕਾ ਲਾਹ ਦੇਂਦਾ ਹੈ ਤੇ ਦੂਜਾ ਇਕ ਦੁਕਾਨ ਤੋਂ ਮੁਫ਼ਤ ਚੀਜ਼ਾਂ ਚੁਕ ਲੈਂਦਾ ਹੈ। ਪੈਸੇ ਮੰਗਣ ਉਤੇ ਉਸ ਨੂੰ ਕੁਟ ਦੇਂਦਾ ਹੈ। ਇਤਨੇ ਵਿਚ ਸਟੇਜ ਉਤੇ ਔਰਤਾਂ ਗੀਤ ਗਾਂਦੀਆਂ ਹਨ)

ਔਰਤਾਂ — ਵੇਖ ਵੇਖ ਹਾਕਮ ਬੇਦਰਦੀ, ਜਨਤਾ ਮਰਦੀ ਵੇ,
ਹਾਕਮ ਬੇਦਰਦੀ।
ਵੇਖ ਵੇਖ ਇਹ ਡਾਲਰ ਸ਼ਾਹੀ ਕੀ ਪਈ ਕਰਦੀ ਵੇ,
ਹਾਕਮ ਬੇਦਰਦੀ।
ਡਾਲਰ ਲੈ ਕੇ ਕਿਸਮਤ ਵੇਚੀ, ਤੂੰ ਮੁਟਿਆਰਾਂ ਦੀ,
ਹਾਕਮ ਬੇਦਰਦੀ।
ਪੱਤਝੱੜ ਦੇ ਹੱਥ ਗੈਰਤ ਦਿੱਤੀ, ਸੋਹਲ ਬਹਾਰਾਂ ਦੀ,
ਹਾਕਮ ਬੇਦਰਦੀ।

[ਇਤਨੇ ਵਿਚ ਸਟੇਜ ਦੇ ਇਕ ਪਾਸਿਓਂ ਤਿੰਨ ਨੌਜਵਾਨ ਇਹ ਗਾਂਦੇ ਸਟੇਜ ਉਤੇ ਆ ਜਾਂਦੇ ਹਨ ਤੇ ਸਟੇਜ ਉਤਲੇ ਵੀ ਸਾਰੇ ਉਨ੍ਹਾਂ ਨਾਲ ਮਿਲ ਜਾਂਦੇ ਹਨ]

ਸਾਰੇ — ਬੰਦ ਕਰੋ, ਇਹ ਅਤਿਆਚਾਰ, ਨਿਕਲੋ ਸਾਡੇ ਘਰ 'ਚੋਂ ਬਾਹਰ।
ਸ਼ਰਮ ਕਰੋ, ਕੀ ਤੁਹਾਡੇ ਘਰ ਵਿਚ ਇਹੋ ਹੈ ਇਖ਼ਲਾਕ ?
ਸਾਡੀ ਪਾਕ ਜ਼ਮੀਨ ਤੋਂ ਚੁਕੋ ਆਪਣੇ ਪੈਰ ਨਪਾਕ ?
ਲੂਹ ਨਾ ਸੁੱਟੇ ਛੁਹ ਇਨ੍ਹਾਂ ਦੀ ਸਾਡੀ ਕਿਤੇ ਬਹਾਰ।
ਬੰਦ ਕਰੋ ਇਹ ਅਤਿਆਚਾਰ ... ... ... ...
ਚੁਕੋ ਆਪਣੇ ਜੰਗੀ ਅੱਡੇ, ਸਾਡੇ ਰਾਹ ਦੇ ਰੋੜੇ,
ਇਹ ਸਾਡੀ ਧਰਤੀ ਦੇ ਸੀਨੇ ਉਤੇ ਜ਼ਹਿਰੀ ਫੋੜੇ।
ਆਪਣੇ ਘਰ ਹੀ ਸਾਂਭ ਕੇ ਰਖੋ, ਇਹ ਜੰਗੀ ਹਥਿਆਰ।
ਬੰਦ ਕਰੋ ਇਹ ਅਤਿਆਚਾਰ ... ... ...

[ਅਮਰੀਕੀ ਸਿਪਾਹੀ ਡਰਦੇ ਮਾਰੇ ਸਟੇਜ ਤੋਂ ਚਲੇ ਜਾਂਦੇ ਹਨ। ਔਰਤਾਂ ਤੇ ਨੌਜਵਾਨ ਅਗੇ ਨਾਲੋਂ ਵੀ ਵਧ ਜੋਸ਼ ਨਾਲ ਗਾਈ ਜਾਂਦੇ ਹਨ]

[ਪਰਦਾ ਡਿਗਦਾ ਹੈ]

## • ਛੇਵੀਂ ਝਾਕੀ •

[ਸਟੇਜ ਉਤੇ ਇਕ ਪਾਸਿਉਂ ਗਾਂਧੀ ਟੋਪੀ ਪਾਈ ਇਕ ਕਾਂਗਰਸੀ ਆਉਂਦਾ ਹੈ ਤੇ ਦੂਸਰੇ ਪਾਸਿਓਂ ਅਮਰੀਕੀ। ਕਾਂਗਰਸੀ ਬਿਨਾਂ ਗਲ ਕੀਤੇ ਅਗਾਂਹ ਲੰਘ ਜਾਂਦਾ ਹੈ ਤੇ ਪਿਛੋਂ ਅਮਰੀਕੀ ਇਹ ਗੀਤ ਗਾਂਦਾ ਹੈ ... ... ...]

ਅਮਰੀਕੀ — ਮੂੰਹ ਕਿਸ ਲਈ ਫੇਰ ਲਿਆ,
ਚਾਂਈਂ ਚਾਂਈਂ ਦਿਲ ਨਚਦਾ, ਕਿਹੜੇ ਫ਼ਿਕਰਾਂ ਨੇ ਘੇਰ ਲਿਆ।

ਕਾਂਗਰਸੀ — ਹੱਥੀਂ ਬੰਬ ਫੜਾਏ ਨੀ,
ਮੇਰੀਆਂ ਬਰੂਹਾਂ ਉਤੇ, ਇਹ ਕੀ ਭਾਂਬੜ ਤਾਏ ਨੀ।

ਅਮਰੀਕੀ — ਡਰ ਲਾਲ ਸਵੇਰੇ ਤੋਂ,
ਜਿੰਨੇਂ ਚਾਹੇਂ ਵਾਰ ਦਿਆਂ, ਹੱਥਿਆਰ ਮੈਂ ਤੇਰੇ ਤੋਂ।

ਕਾਂਗਰਸੀ — ਨਹੀਂ ਚਾਹ ਹੱਥਿਆਰਾਂ ਦੀ,
ਐਟਮਾਂ ਨੇ ਲੂਹ ਘੱਤਣੀ ਹਾਏ ਰੂਹ ਗੁਲਜ਼ਾਰਾਂ ਦੀ।

[ਏਨੇ ਚਿਰ ਵਿਚ ਹੋਰ ਦੋ ਮੁੰਡੇ ਤੇ ਦੋ ਕੁੜੀਆਂ ਵੀ ਆ ਜਾਂਦੀਆਂ ਹਨ ਤੇ ਅਮਰੀਕੀ ਉਨ੍ਹਾਂ ਨੂੰ ਸੰਬੋਧਨ ਕਰ ਕੇ ਆਖਦਾ ਹੈ]

ਅਮਰੀਕੀ — ਤੱਕੋ ਪਾਕਿਸਤਾਨੀਆਂ ਨੇ,
ਤੁਸਾਂ ਉਤੇ ਹਮਲੇ ਦੀਆਂ ਗਲਾਂ ਦਿਲ ਵਿਚ ਠਾਨੀਆਂ ਨੇ।

[ਦੂਜੇ ਪਾਸਿਓਂ ਦੋ ਪਾਕਿਸਤਾਨੀ ਮੁੰਡੇ ਤੇ ਦੋ ਕੁੜੀਆਂ ਇਹ ਗਾਂਦੀਆਂ ਦਾਖ਼ਲ ਹੁੰਦੀਆਂ ਹਨ]

ਪਾਕਿਸਤਾਨੀ — ਅਸਾਂ ਲੈਣਾ ਹੈ ਕੀ ਲੜ ਕੇ,
ਬੁੱਤ ਭਾਵੇਂ ਵਖਰੇ ਨੇ, ਜਿੰਦ ਦੋਹਾਂ ਵਿਚ ਇਕ ਧੜਕੇ।

[ਅਮਰੀਕੀ ਡਰਦਾ ਮਾਰਾ ਸਟੇਜ ਤੋਂ ਖਿਸਕ ਜਾਂਦਾ ਹੈ। ਪਾਕਿਸਤਾਨੀ ਤੇ ਹਿੰਦੁਸਤਾਨੀ ਮਿਲ ਕੇ ਇਹ ਗੀਤ ਗਾਂਦੇ ਹਨ]

ਸਾਰੇ — ਪਾਕਿਸਤਾਨੀ, ਹਿੰਦੁਸਤਾਨੀ, ਭਾਈ ਭਾਈ,
ਚੰਦ ਚਕੋਰ ਵਿਚਾਲੇ ਕੀਕੂੰ ਹੋਏ ਲੜਾਈ।
ਜਿਹੜੇ ਗੋਰੇ ਹੱਥ ਅਸਾਨੂੰ ਟੋਟੇ ਕੀਤਾ,
ਸਾਂਝਾ ਖ਼ੂਨ ਅਸਾਡਾ ਜਿਸ ਨੇ ਰਜਵਾਂ ਪੀਤਾ।
ਉਸੇ ਦਾ ਇਕ ਹੋਰ ਭਰਾ ਅੱਜ ਮੁੜ ਕੇ ਚਾਹੇ,
ਆਪੋ ਦੇ ਵਿਚ ਲੜ ਕੇ ਕਰੀਏ ਫਿਰ ਤਬਾਹੀ।

ਹਿੰਦੁਸਤਾਨੀ, ਪਾਕਿਸਤਾਨੀ ਭਾਈ ਭਾਈ।

ਹਿੰਦੁਸਤਾਨੀ – ਇਹ ਚਾਹੁੰਦੇ ਨੇ ਸ਼ਾਲਾਮਾਰ ਦੇ ਅੱਗ ਵਸਾਈਏ,
ਪਾਕਿਸਤਾਨੀ — ਇਹ ਚਾਹੁੰਦੇ ਨੇ ਲਾਲ ਕਿਲ੍ਹੇ ਨੂੰ ਜੜ੍ਹੋਂ ਹਲਾਈਏ।
ਸਾਰੇ — ਇਹ ਚਾਹੁੰਦੇ ਨੇ ਮੰਦਰ ਮਸਜਿਦ, ਗੁਰਦਵਾਰੇ,
ਆਪੋ ਵਿਚ ਟਕਰਾ ਕੇ ਕਰੀਏ ਰਾਈ ਰਾਈ,
ਹਿੰਦੁਸਤਾਨੀ, ਪਾਕਿਸਤਾਨੀ ਭਾਈ ਭਾਈ।
ਹੈ ਸਾਡਾ ਐਲਾਨ, ਕਦੇ ਵੀ ਨਹੀਂ ਲੜਾਂਗੇ,
ਆਪਣੀ ਕਿਸਮਤ ਆਪਣੇ ਘਰ ਵਿਚ ਆਪ ਘੜਾਂਗੇ।
ਭਾੜ ਲਿਆ ਹੈ ਸਾਂਝਾ ਦੁਸ਼ਮਨ ਦੋਹਾਂ ਮਿਲਕੇ,
ਪੈਣ ਨਹੀਂ ਦੇਣੀ ਆਪਣੇ ਗਲ ਵਿਚ ਇਸਦੀ ਫਾਹੀ,
ਹਿੰਦੁਸਤਾਨੀ, ਪਾਕਿਸਤਾਨੀ ਭਾਈ ਭਾਈ।
ਚੰਦ ਚਕੋਰ ਵਿਚਾਲੇ ਕੀਕੂੰ ਹੋਵੇ ਲੜਾਈ।

[ਪਰਦਾ ਡਿਗਦਾ ਹੈ]